# ਰਾਜ ਪੱਧਰੀ ਡੀ.ਐਲ.ਐਡ (ਈ.ਟੀ.ਟੀ.) ਦਾਖਲਾ ਅਤੇ ਕਾਉਂਸਲਿੰਗ ਕਮੇਟੀ,ਪੰਜਾਬ

## ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ.ਪੰਜਾਬ, ਪੰਜਾਬ ਸਕੂਲ ਸਿੱਖਿਆ ਬੋਰਡ, ਬਲਾਕ-2, ਛੇਵੀਂ ਮੰਜਿਲ, ਅਜੀਤਗੜ੍ਹ (ਮੋਹਾਲੀ)।

## ਪੰਜਾਬ ਰਾਜ ਵਿੱਚ ਐਲੀਮੈਂਟਰੀ ਟੀਚਰਜ ਟ੍ਰੇਨਿੰਗ (ਈ.ਟੀ.ਟੀ) ਦੋ ਸਾਲਾ ਡਿਪਲੋਮਾ-ਕੋਰਸ (ਡੀ.ਐਲ.ਐਡ.) ਲਈ ਨਵੇਂ ਸੈਸਨ (2013-15) ਲਈ ਦਾਖਲਾ ਸੂਚਨਾ।

ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਨੇ ਪੰਜਾਬ ਰਾਜ ਦੀਆਂ 15 ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਂਵਾਂ,83 ਪ੍ਰਾਇਵੇਟ ਮਾਨਤਾ ਪ੍ਰਾਪਤ ਸੰਸਥਾਂਵਾ ਜਿਨ੍ਹਾਂ ਨੂੰ ਐਨ.ਸੀ.ਟੀ.ਈ./ਐਸ.ਸੀ.ਈ.ਆਰ.ਟੀ.ਵੱਲੋਂ ਮਾਨਤਾ ਦਿੱਤੀ ਗਈ ਹੈ ਉਹਨਾਂ ਵਿੱਚ ਸੈਸਨ (2013-2015) ਲਈ ਐਲੀਮੈਂਟਰੀ ਟੀਚਰਜ ਟ੍ਰੇਨਿੰਗ (ਈ.ਟੀ.ਟੀ)/ਡੀ.ਐੱਲ.ਐਡ ਕੋਰਸ ਵਿੱਚ ਦਾਖਲੇ ਲਈ ਉਮੀਦਵਾਰਾਂ ਦੀ ਚੋਣ ਰਾਜ ਪੱਧਰੀ ਈ.ਟੀ.ਟੀ. ਦਾਖਲਾ ਅਤੇ ਕਾਉਂਸਲਿੰਗ ਕਮੇਟੀ ਪੰਜਾਬ, ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ.ਪੰਜਾਬ, ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਬਲਾਕ-2, ਛੇਵੀਂ ਮੰਜਿਲ, ਅਜੀਤਗੜ੍ਹ (ਮੋਹਾਲੀ) ਦੁਆਰਾ ਕੇਂਦਰੀ ਦਾਖਲਾ ਪ੍ਰਕਿਰਿਆ ਰਾਹੀਂ ਕਰਨ ਦਾ ਫੈਂਸਲਾ ਕੀਤਾ ਹੈ। ਇਸ ਕੋਰਸ ਵਿੱਚ ਦਾਖਲੇ ਲਈ ਉਮੀਦਵਾਰਾਂ ਦੀ ਚੋਣ ਬਾਰਵੀਂ ਵਿੱਚੋਂ ਪ੍ਰਾਪਤ ਅੰਕਾਂ ਅਨੁਸਾਰ ਸਰਕਾਰ ਵੱਲੋਂ ਜਾਰੀ ਨੋਟੀਫਿਕੇਸਨ ਨੰ:-11/4/2012-5ਸਿ-7/89929/1, ਮਿਤੀ 29-08-2013 ਵਿੱਚ ਅੰਕਿਤ ਹਦਾਇਤਾਂ, ਕਰਾਈਟੇਰੀਏ, ਘੱਟੋ-ਘੱਟ ਸਿੱਖਿਆ ਯੋਗਤਾ ਅਤੇ ਸਟਰੀਮ-ਵਾਈਜ ਇਨਟੇਕ ਅਤੇ ਮੈਰਿਟ ਕਰਾਈਟੇਰੀਏ ਅਨੁਸਾਰ ਹੋਵੇਗੀ।

1. ਉਮੀਦਵਾਰ ਦੇ ਬਾਰਵ੍ਹੀਂ ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਵਿੱਚੋਂ ਘੱਟੋ-ਘੱਟ 50% ਅੰਕ ਹੋਣੇ ਚਾਹੀਦੇ ਹਨ। ਐਸ.ਸੀ./ਐਸ.ਟੀ.ਉਮੀਦਵਾਰਾਂ ਨੂੰ 5% ਅੰਕਾਂ ਦੀ ਛੋਟ ਹੋਵੇਗੀ।

2. ਸੀਟਾਂ ਦੀ ਕੁੱਲ ਗਿਣਤੀ :-

| | | | |
|---|---|---|---|
| (ੳ) | ਰਾਜ ਦੀਆਂ ਜਿਲ੍ਹਾ ਸਿੱਖਿਆ ਅਤੇ ਸਿੱਖਲਾਈ ਸੰਸਥਾਵਾਂ ਵਿੱਚ | :- | 1500 ਸੀਟਾਂ |
| (ਅ) | ਐਨ.ਸੀ.ਟੀ.ਈ./ਐਸ.ਸੀ.ਈ.ਆਰ.ਟੀ.ਵੱਲੋਂ ਮਾਨਤਾ ਪ੍ਰਾਪਤ ਪ੍ਰਾਈਵੇਟ ਈ.ਟੀ.ਟੀ.ਸੰਸਥਾਵਾਂ ਵਿੱਚ ਸੀਟਾਂ ਦੀ ਗਿਣਤੀ | :- | 4300 ਸੀਟਾਂ |

**(ਨੋਟ :-ਪ੍ਰਾਈਵੇਟ ਈ.ਟੀ.ਟੀ.ਸੰਸਥਾਵਾਂ ਵਿੱਚ ਸਾਂਝੀ ਕੌਂਸਲਿੰਗ ਰਾਹੀਂ ਕੇਵਲ 60% ਸੀਟਾਂ ਅਰਥਾਤ 2580 ਸੀਟਾਂ ਭਰੀਆਂ ਜਾਣਗੀਆਂ)।**

ਸੰਸਥਾਵਾਈਜ ਸੀਟਾਂ ਦੀ ਗਿਣਤੀ **ett.ssapunjab.org** ਤੇ ਉਪਲੱਬਧ ਹੈ।

3. ਹਿਊਮਨੀਟੀਜ, ਸਾਇੰਸ, ਕਮਰਸ ਅਤੇ ਵੋਕੇਸਨਲ ਸਟਰੀਮ ਦੀ ਮੈਰਿਟ ਸਟਰੀਮਵਾਈਜ ਬਣਾਈ ਜਾਵੇਗੀ। ਕਿਸੇ ਵੀ ਸਟਰੀਮ ਦੀਆਂ 25% ਤੋਂ ਵੱਧ ਸੀਟਾਂ ਕਿਸੇ ਵੀ ਸੰਸਥਾ ਵਿੱਚ ਨਹੀਂ ਭਰੀਆਂ ਜਾਣਗੀਆਂ।

4. ਸਰਕਾਰੀ ਅਤੇ ਮਾਨਤਾ ਪ੍ਰਾਪਤ ਅਦਾਰਿਆਂ ਵਿੱਚ ਦਾਖਲੇ ਸਬੰਧੀ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਰਿਜਰਵੇਸਨ ਪਾਲਸੀ ਲਾਗੂ ਹੋਵੇਗੀ। ਕੈਟਾਗਰੀ ਵਾਈਜ ਰਾਖਵੀਆਂ ਸੀਟਾਂ ਸਬੰਧੀ ਸੂਚਨਾ ਵੈਬਸਾਈਟ **ett.ssapunjab.org** ਤੇ ਉਪਲੱਬਧ ਹੈ।

5. ਉਮੀਦਵਾਰ ਆਪਣਾ ਡੋਮੀਸਾਈਲ/ਰਿਹਾਇਸ ਸਬੰਧਤ ਐਸ.ਡੀ.ਐਮ/ਤਹਿਸੀਲਦਾਰ ਤੋ ਜਾਰੀ ਕੀਤਾ ਹੋਇਆ ਅਸਲ ਸਰਟੀਫਿਕੇਟ ਕਾਉਂਸਲਿੰਗ ਸਮੇਂ ਪੇਸ਼ ਕਰੇਗਾ। ਇਹ ਦਾਖਲਾ ਪੰਜਾਬ ਰਾਜ ਦੇ ਡੋਮੀਸਾਈਲ ਉਮੀਦਵਾਰਾਂ ਲਈ ਹੀ ਹੈ।

6. **ਉਮੀਦਵਾਰਾਂ ਲਈ ਯੋਗਤਾ:-**

   1. ਉਮੀਦਵਾਰ ਨੇ ਬਾਰਵ੍ਹੀਂ ਜਾਂ ਬਰਾਬਰ ਦੀ ਪ੍ਰੀਖਿਆ ਪ੍ਰਮਾਣਿਤ ਸਿੱਖਿਆ ਬੋਰਡ ਤੋਂ ਪਾਸ ਕੀਤੀ ਹੋਈ ਹੋਵੇ। ਇਸ ਵਿੱਚ ਪ੍ਰਾਪਤ ਕੀਤੇ ਅੰਕਾਂ ਨੂੰ ਮੈਰਿਟ ਦਾ ਅਧਾਰ ਮੰਨਿਆ ਜਾਵੇਗਾ। ਬਾਰਵੀਂ ਵਿੱਚੋਂ ਰੀ-ਅਪੀਅਰ/ਕੰਪਾਰਟਮੈਂਟ ਆਰ.ਐਲ ਨਤੀਜੇ ਵਾਲੇ ਉਮੀਦਵਾਰ ਇਸ ਕੋਰਸ ਵਾਸਤੇ ਅਰਜੀਆਂ ਦੇਣ ਯੋਗ ਨਹੀਂ ਹਨ।

   2. ਉਮੀਦਵਾਰ ਦਾ ਦਸਵੀਂ ਦੀ ਪ੍ਰੀਖਿਆ ਵਿੱਚ ਸਾਰੇ ਵਿਸਿਆਂ ਵਿੱਚ ਸਮੇਤ ਪੰਜਾਬੀ ਪਾਸ ਹੋਣਾ ਲਾਜਮੀ ਹੈ।

3. ਉਮੀਦਵਾਰ ਦੀ ਉਮਰ ਅਰਜੀਆਂ ਭੇਜਣ ਦੀ ਅੰਤਿਮ ਮਿਤੀ ਨੂੰ 27 ਸਾਲ ਤੋਂ ਵੱਧ ਨਾਂ ਹੋਵੇ। ਅਨੁਸੂਚਿਤ ਜਾਤੀ/ਅਨਸੂਚਿਤ ਕਬੀਲੇ ਦੇ ਉਮੀਦਵਾਰਾਂ ਨੂੰ ਉਪਰਲੀ ਉਮਰ ਸੀਮਾਂ ਵਿੱਚ 5 ਸਾਲ ਦੀ ਛੋਟ ਹੈ।

7. **ਅਰਜੀ ਲਈ ਫੀਸ** :-

| | | |
|---|---|---|
| ਜਨਰਲ ਕੈਟਾਗਰੀ ਦੇ ਉਮੀਦਵਾਰਾਂ ਲਈ | :- | 400/- |
| ਰਿਜਰਵ ਕੈਟਾਗਰੀ (ਐਸ.ਸੀ./ਐਸ.ਟੀ.) ਦੇ ਉਮੀਦਵਾਰਾਂ ਲਈ | :- | 200/- |

ਉਮੀਦਵਾਰ ਵੈਬਸਾਈਟ **ett.ssapunjab.org** ਤੇ ਆਨ ਲਾਈਨ ਰਜਿਸਟੇਸਨ ਕਰਵਾ ਸਕਦੇ ਹਨ। ਉਮੀਦਵਾਰ ਬੈਂਕ ਚਲਾਨ ਪ੍ਰਿੰਟ ਕਰਕੇ ਪੰਜਾਬ ਨੈਸਨਲ ਬੈਂਕ ਦੀ ਕਿਸੇ ਵੀ ਸਾਖਾ ਵਿੱਚ ਜਮਾਂ ਕਰਵਾ ਸਕਦੇ ਹਨ। ਫੀਸ ਜਮਾਂ ਕਰਵਾਉਣ ਤੋ 48 ਘੰਟੇ ਬਾਅਦ ਰਜਿਸਟੇਸਨ ਕਨਫਰਮ ਹੋਣ ਉਤੇ ਉਮੀਦਵਾਰ ਆਪਣਾ ਐਪਲੀਕੇਸਨ ਫਾਰਮ ਭਰ ਸਕਦੇ ਹਨ। ਐਪਲੀਕੇਸਨ ਫਾਰਮ ਫੀਸ ਕਨਫਰਮ ਹੋਣ ਤੋ ਬਾਅਦ ਹੀ ਭਰਿਆ ਜਾ ਸਕਦਾ ਹੈ।

8. ਐਨ.ਸੀ.ਟੀ.ਈ./ਐਸ.ਸੀ.ਈ.ਆਰ.ਟੀ.ਵੱਲੋਂ ਮਾਨਤਾ ਪ੍ਰਾਪਤ ਪ੍ਰਾਈਵੇਟ ਸੰਸਥਾਵਾਂ ਵਿੱਚ ਫੀਸ ਅਤੇ ਫੰਡ ਸਰਕਾਰ ਵੱਲੋਂ ਕੀਤੇ ਫੈਸਲੇ ਅਨੁਸਾਰ ਲਾਗੂ ਹੋਣਗੇ।

9. ਜੇਕਰ ਕਿਸੇ ਕੇਸ ਵਿੱਚ ਉਮੀਦਵਾਰਾਂ ਦੀ ਮੈਰਿਟ ਇੱਕ ਬਰਾਬਰ ਹੋ ਜਾਂਦੀ ਹੈ ਤਾਂ ਵੱਡੀ ਉਮਰ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।

10. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਦੀ ਪ੍ਰਧਾਨਗੀ ਹੇਠ ਬਣਾਈ ਦਾਖਲਾ ਕਮੇਟੀ ਅਨੁਸਾਰ ਡਾਇਰੈਕਟਰ ਐਸ.ਸੀ.ਈ.ਆਰ.ਟੀ.ਪੰਜਾਬ ਅਤੇ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਦੀ ਨਿਗਰਾਨੀ ਹੇਠ ਮੈਰਿਟ ਅਤੇ ਤਰਜੀਹ ਅਨੁਸਾਰ ਦਾਖਲੇ ਲਈ ਸੀਟਾਂ ਦੀ ਅਲਾਟਮੈਂਟ ਕੀਤੀ ਜਾਵੇਗੀ। ਕੌਂਸਲਿੰਗ ਦਾ ਇੱਕ ਚੱਕਰ ਖਤਮ ਹੋਣ ਉਪਰੰਤ ਰਹਿੰਦੀਆਂ ਖਾਲੀ ਸੀਟਾਂ ਤੇ ਦੂਜੀ ਕੌਂਸਲਿੰਗ ਅਤੇ ਬਾਕੀ ਰਹਿੰਦੀਆਂ ਖਾਲੀ ਸੀਟਾਂ ਤੇ ਤੀਸਰੀ ਕੌਂਸਲਿੰਗ ਰਾਹੀਂ ਦਾਖਲਾ ਪ੍ਰਕਿਰਿਆ ਮੁਕੰਮਲ ਕੀਤੀ ਜਾਵੇਗੀ । ਕੌਂਸਲਿੰਗ ਦੀਆਂ ਮਿਤੀਆਂ ਅਤੇ ਸਥਾਨ ਪਬਲਿਕ ਨੋਟਿਸ ਰਾਹੀਂ ਵੱਖਰੇ ਤੌਰ ਤੇ ਪ੍ਰਕਾਸਿਤ ਕੀਤਾ ਜਾਵੇਗਾ।

11. ਪ੍ਰਾਈਵੇਟ ਸੰਸਥਾਵਾਂ ਵਿੱਚ 60% ਸੀਟਾਂ ਸਾਂਝੀ ਮੈਰਿਟ ਰਾਹੀਂ ਭਰੀਆਂ ਜਾਣਗੀਆਂ ਅਤੇ ਬਾਕੀ 40% ਸੀਟਾਂ ਮਨੇਜਮੈਂਟ ਕੋਟੇ ਰਾਹੀਂ ਸਬੰਧਤ ਸੰਸਥਾ ਦੇ ਮੁੱਖੀਆਂ ਰਾਹੀਂ ਨੋਟੀਫਿਕੇਸਨ ਅਨੁਸਾਰ ਘੱਟੋ ਘੱਟ ਯੋਗਤਾ ਅਨੁਸਾਰ ਭਰੀਆਂ ਜਾਣਗੀਆਂ। ਸਬੰਧਤ ਸੰਸਥਾ ਦੇ ਮੁੱਖੀ 40% ਮਨੈਜਮੈਂਟ ਕੋਟੇ ਦੀਆਂ ਸੀਟਾਂ ਦੀ ਦਾਖਲਾ ਪ੍ਰਕਿਰਿਆ ਐਸ.ਸੀ.ਈ.ਆਰ.ਟੀ.ਤੋਂ ਦਾਖਲਾ ਕਰਨ ਤੋਂ ਪਹਿਲਾਂ ਪ੍ਰਵਾਨ ਕਰਵਾਉਣਗੇ।

12. ਸਰਕਾਰੀ ਜਾਂ ਪ੍ਰਾਇਵੇਟ ਸੰਸਥਾਂਵਾਂ ਵਿੱਚ 2 ਸਾਲਾ ਡੀ.ਐਲ.ਐਡ ( ਈ.ਟੀ.ਟੀ.) ਡਿਪਲੋਮਾ ਕੋਰਸ ਵਿੱਚ ਦਾਖਲਾ ਲੈਣ ਵਾਲੇ ਜਾਂ ਪਾਸ ਕਰਨ ਵਾਲੇ ਉਮੀਦਵਾਰਾਂ ਨੂੰ ਡਿਪਲੋਮਾ ਪ੍ਰਾਪਤ ਕਰਨ ਉਪਰੰਤ ਰਾਜ ਸਰਕਾਰ ਵੱਲੋਂ ਜਾਂ ਕਿਸੇ ਹੋਰ ਅਦਾਰੇ ਵੱਲੋਂ ਨੌਂਕਰੀ ਦੇਣ ਦੀ ਕੋਈ ਗਰੰਟੀ ਨਹੀਂ ਹੋਵੇਗੀ।

13. ਉਮੀਦਵਾਰ ਦਾ ਕਿਸੇ ਸੰਸਥਾ ਵਿੱਚ ਦਾਖਲਾ ਹੋਣ ਤੋਂ ਬਾਅਦ ਕਿਸੇ ਕਿਸਮ ਦੀ ਮਾਈਗਰੇਸਨ ਕਿਸੇ ਵੀ ਹਾਲਾਤ ਵਿੱਚ ਨਹੀਂ ਕੀਤੀ ਜਾਵੇਗੀ।

14. ਖਾਲੀ ਰਹਿ ਗਈਆਂ ਸੀਟਾਂ ਤੇ ਕੋਈ ਵੀ ਮਿਡ-ਟਰਮ ਦਾਖਲਾ ਨਹੀਂ ਕੀਤਾ ਜਾਵੇਗਾ।

15. ਜੇਕਰ ਕਿਸੇ ਦਾਖਲ ਸਿੱਖਿਆਰਥੀ ਦਾ ਸਰਟੀਫਿਕੇਟ ਝੂਠਾ, ਗਲਤ ਪਾਇਆ ਗਿਆ ਜਾਂ ਉਸ ਦੇ ਵਿਰੁੱਧ ਕੋਈ ਫੋਜਦਾਰੀ ਮੁਕੱਦਮਾ ਦਾਇਰ ਹੋਇਆ ਪਾਇਆ ਗਿਆ ਤਾਂ ਉਸ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ।

16. ਉਮੀਦਵਾਰ ਵੱਲੋਂ ਮਿਤੀ 22-10-2013 ਤੋਂ 05-11-2013 ਤੱਕ ਵੈਬ-ਸਾਈਟ **ett.ssapunjab.org** ਤੇ ਆਨ ਲਾਈਨ ਫਾਰਮ ਉਪਲੱਬਧ ਹੋਣਗੇ।

ਡਾਇਰੈਕਟਰ
ਐਸ.ਸੀ.ਈ.ਆਰ.ਟੀ.ਪੰਜਾਬ,ਅਜੀਤਗੜ੍ਹ